# PUNJABI

# ਪੰਜਾਬੀ

# TMA

# 210

**(Secondary)**

ਕੁਲ ਅੰਕ : 20
**MM. : 20**

**ਟਿੱਪਣੀ** : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।

Note : All Qustions are compulsory. The marks allowed for each question are given at same place.

(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਅਖਾਣ ਕਿਸ ਨੂੰ ਕਹਿੰਦੇ ਹਨ? ਪੰਜਾਬੀ ਭਾਸ਼ਾ ਵਿੱਚ ਅਖਾਣਾਂ ਦਾ ਕੀ ਮਹੱਤਵ ਹੈ?

ਜਾਂ

(ਅ) ਰਚਿਤ ਸ਼ਬਦ ਕਿਹੜੇ ਹੁੰਦੇ ਹਨ? ਇਨ੍ਹਾਂ ਦੀ ਕਿਸਮਾਂ ਬਾਰੇ ਦੱਸੋ।

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਅਖਾਣ ਪੂਰੇ ਕਰੋ— 'ਠੰਡੇ................ਨੂੰ............ਮਾਰਨਾ।
ਤੀਰ................., ਗੱਲ......................ਨਿਕਲੇ ਵਾਪਸ ਨਹੀਂ ਆਉਂਦੇ। ਦੱਸੋ ਉਹ ਕਿਹੜੇ ਮੌਕੇ ਤੇ ਕੰਮ ਆਉਂਦੇ ਹਨ।

ਜਾਂ

(ਅ) ਖਾਨਗਾਹ ਦੀਵਾ ਬਾਲਦੀਏ ਕਵਿਤਾ ਦਾ ਕਵੀ ਕੌਣ ਹੈ ਤੇ ਉਸ ਨੇ ਕਿਹੜਾ ਦ੍ਰਿਸ਼ ਸਿਰਜਿਆ ਹੈ?

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਮਤਲਬੀਏ ਤੇ ਪਾੜਣ ਵਾਲੇ,
ਭੁੱਲ ਜਾਵਣ ਸ਼ਤਰੰਜ ਦੇ ਚਾਲੇ,
ਟੁੱਕਰਾਂ ਤੋਂ ਨਾ ਵੱਢ ਵੱਢ ਖਾਣ,
ਸੱਚਮੁੱਚ ਦਾ ਇਨਸਾਨਤਾਨ।
ਕਾਵਿ-ਬੰਦ ਦਾ ਪ੍ਰਸੰਗ ਲਿਖੋ।

ਜਾਂ

(ਅ) ਖੂਨ ਦੇ ਬਹਾਓ ਨੂੰ ਰੋਕਣ ਲਈ ਕੀ ਕਰਨਾ ਚਾਹੀਦਾ ਹੈ?

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਇਨਸਾਨਤਾਨ ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

(ਅ) ਮਲੰਗ ਕਹਾਣੀ ਵਿੱਚ ਸਵਰਗ-ਨਰਕ ਬਾਰੇ ਆਏ ਜ਼ਿਕਰ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਜੈਸਮੀਨ ਨੇ ਮਾਈਕਰੋਸਕੋਪ ਦੀ ਸਲਾਈਡ ਵਿੱਚ ਕੀ ਦੇਖਿਆ? ਉਸ ਨੂੰ ਇਸ ਤੋਂ ਕਿਹੜੀ ਜਾਣਕਾਰੀ ਮਿਲੀ?

**ਜਾਂ**

(ਅ) ਸ਼ਬਦ ਰਚਨਾ ਪਾਠ ਵਿੱਚ ਵਿਆਕਰਨ ਦੇ ਕਿਹੜੇ ਕਿਹੜੇ ਰੂਪਾਂ ਬਾਰੇ ਜ਼ਿਕਰ ਕੀਤਾ ਗਿਆ ਹੈ? ਹਰੇਕ ਰੂਪ ਦਾ ਨਾਂ ਅਤੇ ਉਸਦੇ ਭੇਦਾਂ ਬਾਰੇ ਪੂਰੀ ਜਾਣਕਾਰੀ ਦਿਓ।

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ — (6)

(ੳ) ਕਹਾਣੀਕਾਰ ਸੰਤੋਖ ਸਿੰਘ ਧੀਰ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਸੁਹਣੀ ਲਿਖਾਈ ਵਿੱਚ ਲਿਖੋ। ਕਿਸੀ ਇੱਕ ਕਹਾਣੀ ਦਾ ਸਾਰ ਅਤੇ ਉਸ ਦਾ ਸੰਦੇਸ਼ ਲਿਖੋ। ਕਹਾਣੀਕਾਰ ਦੀ ਫੋਟੋ ਵੀ ਲਗਾਓ।

**ਜਾਂ**

(ਅ) ਵਿਆਕਰਨ ਦਾ ਭਾਸ਼ਾ ਵਿੱਚ ਕੀ ਮਹੱਤਵ ਹੈ? ਕਿਸੀ ਵੀ ਭਾਸ਼ਾ ਦੇ ਸ਼ੁੱਧ ਰੂਪ ਲਈ ਕਿਹੜੇ ਵਿਆਕਰਨਿਕ ਰੂਪਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਇਨ੍ਹਾਂ ਰੂਪਾਂ ਦੇ ਨਾਂ ਅਤੇ ਭੇਦਾਂ ਦੇ ਨਾਂ ਰੇਖਾ ਚਿੱਤਰ ਬਣਾ ਕੇ ਪ੍ਰੋਜੈਕਟ ਤਿਆਰ ਕਰੋ।